ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $95 5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
Contact : Raj 021 8740 730, 0800 253 2687
www.redcleaning.co.nz

22 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਆਈਲੈੱਟਸ ਨੇ ਵਜਾਇਆ ਪੰਜਾਬ ਦਾ ਬੈਂਡ

ਅਜਿਹਾ ਜਾਪਦਾ ਹੈ ਜਿਵੇਂ ਪੰਜਾਬ ਹੁਣ ਬੈਂਡਾਂ ਦੀ ਮੰਡੀ ਬਣ ਗਿਆ ਹੋਵੇ। ਵੱਡੇ-ਛੋਟੇ ਸ਼ਹਿਰਾਂ 'ਚ ਆਈਲੈੱਟਸ (ਆਈਲਸ) ਕੋਚਿੰਗ ਸੈਂਟਰਾਂ ਨੂੰ ਸਾਹ ਨਹੀਂ ਆ ਰਿਹਾ। ਪੇਂਡੂ ਮਿਨੀ ਬੱਸਾਂ ਵਿੱਚ ਵੱਡੀ ਭੀੜ ਹੁਣ ਇਨ੍ਹਾਂ ਪਾੜ੍ਹਿਆਂ ਦੀ ਹੁੰਦੀ ਹੈ ਜਿਨ੍ਹਾਂ ਨਵੀਂ ਉਡਾਣ ਦੇ ਮੁਸਾਫਿਰ ਬਣਨਾ ਹੈ। ਮਾਲਵਾ ਵੀ ਹੁਣ ਦੁਆਬੇ ਨਾਲ ਜਾ ਰਲਿਆ ਹੈ। ਸਟੱਡੀ ਵੀਜ਼ਾ 'ਤੇ ਵਿਦੇਸ਼ ਜਾਣ ਲਈ ਆਈਲੈੱਟਸ ਦੇ ਬੈਂਡ ਲਾਜ਼ਮੀ ਹਨ। ਪੰਜਾਬ ਨੇ ਜਦੋਂ ਅੱਡੀਆਂ ਚੁੱਕ ਲਈਆਂ ਤਾਂ ਆਈਲੈੱਟਸ ਪ੍ਰੀਖਿਆ ਪ੍ਰਬੰਧਕਾਂ (ਬ੍ਰਿਟਿਸ਼ ਕੌਂਸਲ ਤੇ ਆਈਡੀਪੀ) ਨੇ ਹਰ ਸ਼ਹਿਰ ਗਲੀਚੇ ਵਿਛਾ ਦਿੱਤੇ ਜੋ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਕਾਫੀ ਮਹਿੰਗੇ ਪੈ ਰਹੇ ਹਨ।




ਆਈਲੈੱਟਸ ਪ੍ਰੀਖਿਆ ਤੇ ਕੋਚਿੰਗ ਸੈਂਟਰਾਂ ਦੇ ਜੋ ਕਾਰੋਬਾਰ ਦਾ ਖਾਕਾ ਵਾਹਿਆ ਗਿਆ ਹੈ, ਉਸ ਅਨੁਸਾਰ ਪੰਜਾਬ ਵਿੱਚ ਹੁਣ ਸਾਲਾਨਾ ਕਰੀਬ 1100 ਕਰੋੜ ਰੁਪਏ ਦਾ ਕਾਰੋਬਾਰ ਹੋਣ ਲੱਗਾ ਹੈ। ਪੰਜਾਬ ਭਰ 'ਚੋਂ ਹਰ ਵਰ੍ਹੇ ਕਰੀਬ 3.36 ਲੱਖ ਨੌਜਵਾਨ ਆਈਲੈੱਟਸ ਪ੍ਰੀਖਿਆ ਵਿਚ ਬੈਠਦੇ ਹਨ ਜੋ ਇਕੱਲੀ ਆਈਲੈੱਟਸ ਦੀ ਪ੍ਰੀਖਿਆ ਫੀਸ ਦੇ ਰੂਪ ਵਿੱਚ ਸਾਲਾਨਾ 425 ਕਰੋੜ ਰੁਪਏ ਤਾਰਦੇ ਹਨ। ਬ੍ਰਿਟਿਸ ਕੌਂਸਲ ਤੇ ਆਈਡੀਪੀ (ਪ੍ਰੀਖਿਆ ਪ੍ਰਬੰਧਕ) ਦੇ ਪੰਜਾਬ-ਚੰਡੀਗੜ੍ਹ ਵਿੱਚ ਸੱਤ-ਸੱਤ ਪ੍ਰੀਖਿਆ ਕੇਂਦਰ ਹਨ ਜਿਨ੍ਹਾਂ ਵਿੱਚ ਬਠਿੰਡਾ, ਮੋਗਾ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਤੇ ਚੰਡੀਗੜ੍ਹ ਸ਼ਾਮਿਲ ਹਨ। ਆਈਡੀਪੀ ਦੇ ਦੇਸ਼ ਭਰ ਵਿਚ ਕੁੱਲ 40 ਪ੍ਰੀਖਿਆ ਕੇਂਦਰ ਹਨ। ਹਰ ਪ੍ਰੀਖਿਆ ਕੇਂਦਰ ਦੀ ਸਮਰੱਥਾ 300 ਤੋਂ 700 ਸੀਟਾਂ ਦੀ ਹੈ ਤੇ ਹਰ ਮਹੀਨੇ ਚਾਰ ਵਾਰ ਪ੍ਰੀਖਿਆ ਹੁੰਦੀ ਹੈ। ਔਸਤਨ ਪੰਜ ਸੌ ਸੀਟਾਂ ਮੰਨ ਲਈਏ ਤਾਂ ਹਰ ਮਹੀਨੇ ਪੰਜਾਬ 'ਚ 28 ਹਜ਼ਾਰ ਨੌਜਵਾਨ ਆਈਲੈੱਟਸ ਦੀ ਪ੍ਰੀਖਿਆ ਦਿੰਦੇ ਹਨ। ਆਈਲੈੱਟਸ ਦੀ ਪ੍ਰੀਖਿਆ ਫੀਸ 12,650 ਰੁਪਏ ਹੈ ਜੋ ਦਸ ਸਾਲ ਪਹਿਲਾਂ 7200 ਰੁਪਏ ਹੁੰਦੀ ਸੀ। ਆਈਡੀਪੀ ਨੇ ਕਾਰੋਬਾਰ ਨੂੰ ਦੇਖਦੇ ਹੋਏ ਅਗਸਤ 2012 ਵਿੱਚ ਬਠਿੰਡਾ ਵਿੱਚ ਵੀ ਪ੍ਰੀਖਿਆ ਕੇਂਦਰ ਸ਼ੁਰੂ ਕਰ ਦਿੱਤਾ ਸੀ। ਨੌਜਵਾਨ ਹਰ ਮਹੀਨੇ 35.42 ਕਰੋੜ ਰੁਪਏ ਇਕੱਲੀ ਪ੍ਰੀਖਿਆ ਫੀਸ ਦੇ ਰੂਪ ਵਿੱਚ ਤਾਰਦੇ ਹਨ। ਕੋਚਿੰਗ ਸੈਂਟਰ ਪ੍ਰਬੰਧਕਾਂ ਅਨੁਸਾਰ ਪੰਜਾਬ ਦੇ ਕਰੀਬ 30 ਤੋਂ 35 ਫੀਸਦੀ ਨੌਜਵਾਨ ਹੀ ਆਈਲੈੱਟਸ ਪ੍ਰੀਖਿਆ ਪਾਸ ਕਰਨ ਵਿੱਚ ਸਫਲ ਹੁੰਦੇ ਹਨ। ਬਹੁਤੇ ਪੇਂਡੂ ਨੌਜਵਾਨ ਤਿੰਨ-ਤਿੰਨ ਵਾਰ ਪ੍ਰੀਖਿਆ ਦੇਣ ਦੇ ਬਾਵਜੂਦ ਲੋੜੀਂਦੇ ਬੈਂਡ ਲੈਣ ਵਿੱਚ ਸਫਲ ਨਹੀਂ ਹੁੰਦੇ।

ਆਈਲੈੱਟਸ ਦੀ ਕੋਚਿੰਗ ਫੀਸ 5000 ਤੋਂ ਸ਼ੁਰੂ ਹੋ ਕੇ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੱਕ ਦੀ ਹੈ। ਪੰਜਾਬੀ ਮੀਡੀਅਮ ਸਕੂਲਾਂ ਦੇ ਨੌਜਵਾਨਾਂ ਨੂੰ ਤਿੰਨ ਤੋਂ ਚਾਰ ਮਹੀਨੇ ਕੋਚਿੰਗ ਲੈਣੀ ਪੈਂਦੀ ਹੈ। ਉਨ੍ਹਾਂ ਨੂੰ ਕੋਚਿੰਗ ਤੇ ਪ੍ਰੀਖਿਆ ਫੀਸ ਦਾ ਖਰਚਾ ਹੀ ਕਰੀਬ 50 ਹਜ਼ਾਰ ਰੁਪਏ ਵਿੱਚ ਪੈਂਦਾ ਹੈ। ਇਕੱਲਾ ਔਸਤਨ ਕੋਚਿੰਗ ਖਰਚਾ ਪ੍ਰਤੀ ਵਿਦਿਆਰਥੀ ਅੰਦਾਜ਼ਨ 20 ਹਜ਼ਾਰ ਰੁਪਏ ਮੰਨੀਏ ਤਾਂ ਹਰ ਵਰ੍ਹੇ ਪ੍ਰੀਖਿਆ ਦੇਣ ਵਾਲੇ 3.36 ਲੱਖ ਨੌਜਵਾਨ ਸਾਲਾਨਾ 672 ਕਰੋੜ ਰੁਪਏ ਕੋਚਿੰਗ ਸੈਂਟਰਾਂ ਦੀ ਫੀਸ ਦਾ ਭਰ ਦਿੰਦੇ ਹਨ। ਨੌਜਵਾਨ ਬਲਪ੍ਰੀਤ ਸਿੰਘ ਗੋਨਿਆਣਾ ਨੂੰ ਜਦੋਂ ਪੁੱਛਿਆ ਕਿ 'ਵਿਦੇਸ਼ ਕੀ ਪਿਆ, ਕਾਹਤੋਂ ਚੱਲੇ ਹੋ' ਅੱਗਿਓਂ ਜੁਆਬ ਮਿਲਿਆ 'ਫਿਰ ਇੱਥੇ ਵੀ ਕੀ ਪਿਆ'। ਹਰ ਨੌਜਵਾਨ ਦੀ ਇਹੋ ਕਹਾਣੀ ਹੈ। ਪੰਜਾਬ ਵਿਚ ਰਜਿਸਟਰਡ ਆਈਲੈੱਟਸ ਕੋਚਿੰਗ ਸੈਂਟਰਾਂ ਦੀ ਗਿਣਤੀ 1200 ਦੇ ਕਰੀਬ ਬਣਦੀ ਹੈ। ਆਈਡੀਪੀ ਨਾਲ ਇਕੱਲੇ ਉਤਰੀ ਭਾਰਤ ਦੇ ਕਰੀਬ 910 ਕੋਚਿੰਗ ਸੈਂਟਰ ਰਜਿਸਟਰਡ ਹਨ। ਪੰਜਾਬ ਅਣਏਡਿਡ ਡਿਗਰੀ ਕਾਲਜਿਜ਼ ਐਸੋਸੀਏਸ਼ਨ ਦੇ ਮੁੱਖ ਸਰਪ੍ਰਸਤ ਗੁਰਮੀਤ ਸਿੰਘ ਧਾਲੀਵਾਲ ਅਤੇ ਪ੍ਰਧਾਨ ਸੁਖਮੰਦਰ ਸਿੰਘ ਚੱਠਾ ਨੇ ਕਿਹਾ ਕਿ ਆਈਲੈਸ ਦੇ ਰੁਝਾਨ ਨੇ ਵੱਡੀ ਸੱਟ ਡਿਗਰੀ ਕਾਲਜਾਂ ਨੂੰ ਮਾਰੀ ਹੈ ਅਤੇ ਕਾਲਜ ਖਾਲੀ ਹੋਣ ਲੱਗੇ ਹਨ।

## ਨੌਜਵਾਨ ਮਾਨਸਿਕ ਤਣਾਅ ਦੇ ਸ਼ਿਕਾਰ

ਬੈਂਡਾਂ ਦੀ ਮੰਡੀ 'ਚੋਂ ਨਿਹੱਥੇ ਹੋਏ ਨੌਜਵਾਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਮੋਗਾ ਜ਼ਿਲ੍ਹੇ ਵਿਚ ਇੱਕ ਵਿਦਿਆਰਥੀ ਨੇ ਬੈਂਡ ਨਾ ਆਉਣ ਮਗਰੋਂ ਖ਼ੁਦਕੁਸ਼ੀ ਕਰ ਲਈ ਸੀ। ਮਾਨਸਿਕ ਰੋਗਾਂ ਦੀ ਮਾਹਿਰ ਡਾ. ਨਿਧੀ ਗੁਪਤਾ ਨੇ ਦੱਸਿਆ ਕਿ ਹਰ ਮਹੀਨੇ ਉਨ੍ਹਾਂ ਕੋਲ ਅਜਿਹੇ ਵਿਦਿਆਰਥੀ ਆ ਰਹੇ ਹਨ ਜਿਨ੍ਹਾਂ ਦਾ ਬੈਂਡਾਂ ਨੇ ਮਾਨਸਿਕ ਤਵਾਜ਼ਨ ਹਿਲਾ ਰੱਖਿਆ ਹੈ।

**ਮੈਰਿਜ ਪੈਲੇਸ ਬਣੇ ਪ੍ਰੀਖਿਆ ਕੇਂਦਰ**

ਪੰਜਾਬ ਦੀ ਕਿਸਾਨੀ ਭਾਵੇਂ ਸੰਕਟ ਦੀ ਸ਼ਿਕਾਰ ਹੈ ਪਰ ਆਈਲੈੱਟਸ ਨੇ ਕਈ ਸਹਾਇਕ ਧੰਦੇ ਜ਼ਰੂਰ ਪੈਰਾਂ ਸਿਰ ਕਰ ਦਿੱਤੇ ਹਨ। ਪੰਜਾਬ ਦੇ ਹਰ ਵੱਡੇ ਸ਼ਹਿਰ 'ਚ ਦੋ-ਦੋ, ਤਿੰਨ-ਤਿੰਨ ਹੋਟਲ ਪੂਰੇ-ਪੂਰੇ ਸਾਲ ਲਈ ਬੁੱਕ ਹਨ ਜਿੱਥੇ ਵਿਦਿਆਰਥੀ ਪ੍ਰੀਖਿਆ ਦਿੰਦੇ ਹਨ। ਬਠਿੰਡਾ ਦੇ ਦੋ-ਤਿੰਨ ਮੈਰਿਜ ਪੈਲੇਸ ਵੀ ਪ੍ਰੀਖਿਆ ਕੇਂਦਰਾਂ ਵਿੱਚ ਤਬਦੀਲ ਹੋ ਗਏ ਹਨ। ਪੇਂਡੂ ਵਿਦਿਆਰਥੀ ਸ਼ਹਿਰਾਂ ਵਿੱਚ ਪੇਇੰਗ ਗੈਸਟ ਬਣ ਕੇ ਠਹਿਰਨ ਲੱਗੇ ਹਨ। ਬੱਸਾਂ ਦੀ ਬੁਕਿੰਗ ਵੀ ਵਧੀ ਹੈ।

# ਨਿਊਜੀਲੈਂਡ ਵਾਸੀਆਂ ਦੇ ਮਨ 'ਚ ਵੱਡਾ ਸਵਾਲ, ਆਖ਼ਰ ਸਿੱਖ ਅਜਿਹਾ ਕਿਉਂ ਕਰਦੇ.. ?



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੇ ਆਲੇ-ਦੁਆਲੇ ਪੰਜਾਬ ਵਸਾ ਲੈਂਦੇ ਹਨ। ਗੁਰੂਆਂ-ਪੀਰਾਂ ਦੀ ਧਰਤੀ ਤੋਂ ਮਿਲੀਆਂ ਸਿੱਖਿਆਵਾਂ ਨਾਲ ਆਪਣਾ ਉਹ ਨਿੱਕਾ ਜਿਹਾ ਪੰਜਾਬ ਵੀ ਆਬਾਦ ਕਰ ਲੈਂਦੇ ਹਨ ਤੇ ਉਸ ਨੂੰ ਇੰਨਾ ਮਹਾਨ ਬਣਾ ਦਿੰਦੇ ਹਨ ਕਿ ਪੱਛਮੀ ਸੱਭਿਅਤਾ ਦੇ ਲੋਕ ਹੈਰਾਨ ਹੋ ਜਾਂਦੇ ਹਨ। ਅਜਿਹਾ ਹੀ ਕਿੱਸਾ ਨਿਊਜ਼ੀਲੈਂਡ ਦੇ ਔਕਲੈਂਡ ਸ਼ਹਿਰ ਤੋਂ ਸਾਹਮਣੇ ਆਇਆ ਹੈ, ਜਿੱਥੇ ਲੋਕ ਗੁਰੂ ਘਰ ਦੇ ਲੰਗਰ ਤੇ ਉੱਥੇ ਹੀ ਕੀਤੀ ਜਾਂਦੀ ਖੇਤੀ ਤੋਂ ਬੇਹੱਦ ਪ੍ਰਭਾਵਿਤ ਹੁੰਦੇ ਹਨ। ਐਨਜ਼ੈਡ ਗਾਰਡਨਰ ਰਸਾਲੇ ਵਿੱਚ ਲੇਖਕ ਮੇਈ ਲੇਂਗ ਵੌਂਗ ਦੇ ਲੇਖ "ਸਿੱਖ ਟੈਂਪਲ ਦਾ ਸਾਂਝਾ ਬਾਗ਼ ਜਿੱਥੇ ਵੰਡਣ ਲਈ ਉਗਾਇਆ ਜਾਂਦਾ ਭੋਜਨ" ਵਿੱਚ ਉਹ ਹੈਰਾਨ ਹੈ ਕਿ ਆਖ਼ਰ ਸਿੱਖ ਅਜਿਹਾ ਕਿਉਂ ਕਰਦੇ ਹਨ ਕਿ ਨਾ ਸਿਰਫ਼ ਹੋਰਾਂ ਲਈ ਮੁਫ਼ਤ ਵਿੱਚ ਭੋਜਨ ਉਗਾਉਂਦੇ ਹਨ, ਬਲਕਿ ਪਕਾ ਕੇ ਲੋਕਾਂ ਨੂੰ ਖਵਾਉਂਦੇ ਵੀ ਹਨ। ਜੀ ਹਾਂ, ਆਪਣੇ ਲੇਖ ਵਿੱਚ ਵੌਂਗ ਲਿਖਦੇ ਹਨ ਕਿ ਦੱਖਣੀ ਔਕਲੈਂਡ ਤੋਂ 30 ਕਿਲੋਮੀਟਰ ਦੂਰ ਸਥਿਤ ਕਸਬੇ ਟਕਾਨਿਨੀ ਸਥਿਤ ਗੁਰਦੁਆਰੇ ਤੋਂ ਹਰ ਹਫ਼ਤੇ ਹਜ਼ਾਰਾਂ ਲੋਕਾਂ ਨੂੰ ਭੋਜਨ ਮਿਲਦਾ ਹੈ। ਲੰਗਰ ਲਈ ਵਰਤੋਂ ਵਿੱਚ ਆਉਣ ਵਾਲੀਆਂ ਸਬਜ਼ੀਆਂ ਤੇ ਅਨਾਜ ਗੁਰਦੁਆਰੇ ਦੇ ਖੇਤਾਂ ਵਿੱਚ ਹੀ ਉਗਾਇਆ ਜਾਂਦਾ ਹੈ। ਸਥਾਨਕ ਮੌਸਮ ਦੇ ਹਿਸਾਬ ਨਾਲ ਬ੍ਰੋਕਲੀ, ਗੋਭੀ, ਬਤਾਊਂ, ਮਿਰਚਾਂ, ਪਾਲਕ, ਸਾਗ, ਚੁਕੰਦਰ, ਗੰਢੇ, ਆਲੂ ਤੇ ਗਾਜਰਾਂ ਆਦਿ ਦੀ ਪੈਦਾਵਾਰ ਕੀਤੀ ਜਾਂਦੀ ਹੈ। ਗੁਰੂ ਘਰ ਦੇ ਲਾਂਗਰੀ ਸ਼ੇਰ ਸਿੰਘ ਨੇ ਲੇਖਕ ਨੂੰ ਦੱਸਿਆ ਕਿ ਰੋਜ਼ਾਨਾ ਤਿੰਨ ਸਮੇਂ ਭੋਜਨ ਤਿਆਰ ਹੁੰਦਾ ਹੈ ਤੇ ਲੰਗਰ ਤਿਆਰ ਕਰਨ ਤੋਂ ਲੈ ਕੇ ਸਾਫ਼ ਸਫ਼ਾਈ ਤਕ ਹਰ ਕੰਮ ਵਾਲੰਟੀਅਰਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ। ਸ਼ੇਰ ਸਿੰਘ ਨੇ ਦੱਸਿਆ ਕਿ ਹਰ ਰੋਜ਼ ਸਵੇਰੇ ਚਾਰ ਵਜੇ ਤੋਂ 40 ਔਰਤਾਂ ਗੁਰੂ ਘਰ ਦੀ ਰਸੋਈ ਵਿੱਚ ਆਉਂਦੀਆਂ ਹਨ ਤੇ ਰੋਟੀ ਪਕਾਉਂਦੀਆਂ ਹਨ ਅਤੇ 20 ਮਰਦ ਦਾਲ ਤੇ ਸਬਜ਼ੀ ਪਕਾਉਂਦੇ ਹਨ।ਲੇਖਕ ਵੌਂਗ ਲਿੰਗ ਦੇ ਆਧਾਰ 'ਤੇ ਕੰਮ ਦੀ ਵੰਡ ਵਿੱਚ ਇਸ 'ਭੇਦਭਾਵ' ਬਾਰੇ ਪੁੱਛਦੇ ਹਨ ਤਾਂ ਸ਼ੇਰ ਸਿੰਘ ਹੱਸ ਕੇ ਕਹਿੰਦੇ ਹਨ ਕਿ ਇਹ ਭੇਦਭਾਵ ਨਹੀਂ ਬਲਕਿ ਦਾਲ-ਸਬਜ਼ੀ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਭਾਰੀ ਭਾਂਡਿਆਂ ਨੂੰ ਵਰਤਣਾ ਤੇ ਚੁੱਕਣਾ ਔਰਤਾਂ ਲਈ ਔਖਾ ਹੁੰਦਾ ਹੈ। ਗੁਰੂ ਘਰ ਦੇ ਸੇਵਾਦਾਰ ਦਲਜੀਤ ਸਿੰਘ ਨੇ ਦੱਸਿਆ ਕਿ ਲੰਗਰ ਤਿਆਰ ਕਰਨ ਲਈ 200 ਲੀਟਰ ਤਕ ਦੇ ਸਨਅਤੀ ਪੱਧਰ 'ਤੇ ਭੋਜਨ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਦੀਵਾਲੀ ਮੌਕੇ 25,000 ਤੋਂ ਵੱਧ ਲੋਕਾਂ ਨੇ ਲੰਗਰ ਛੱਕਿਆ, ਜਿਸ ਨੂੰ ਤਿਆਰ ਕਰਨ ਲਈ 700 ਕਿੱਲੋ ਆਟਾ, 600 ਕਿੱਲੋ ਚੌਲ ਤੇ 8,000 ਸ਼ਾਕਾਹਾਰੀ ਬਰਗਰ ਵੀ ਲੱਗੇ। ਇੰਨਾ ਹੀ ਨਹੀਂ ਗੁਰਦੁਆਰੇ ਦੇ ਖੇਤਾਂ ਵਿੱਚ 11 ਏਕੜ ਵਿੱਚ ਫੈਲਿਆ ਵੱਖਰਾ ਬਾਗ਼ ਵੀ ਹੈ ਜਿਸ ਵਿੱਚ 500 ਫਲਾਂ ਤੇ ਮੇਵਿਆਂ ਦੇ ਦਰੱਖ਼ਤ ਹਨ। ਇਨ੍ਹਾਂ ਵਿੱਚੋਂ ਨਿੰਬੂ ਤੇ ਹੋਰ ਖਟਾਸ ਵਾਲੇ ਫਲ, ਪਲੱਮ ਤੇ ਸੇਬ ਆਦਿ ਉਗਾਏ ਜਾਂਦੇ ਹਨ। ਹਾਲੇ ਪਿੱਛੇ ਜਿਹੇ ਹਰ ਤਰ੍ਹਾਂ ਦੇ ਮੇਵਿਆਂ ਦੇ ਦਰੱਖ਼ਤ ਲਾਏ ਹਨ, ਜਿਨ੍ਹਾਂ ਤੋਂ ਜਲਦੀ ਹੀ ਫਲ ਪ੍ਰਾਪਤ ਕੀਤਾ ਜਾਣ ਲੱਗੇਗਾ।ਖੇਤਾਂ ਤੋਂ ਸਾਰੀ ਪੈਦਵਾਰ ਦਾ ਧਿਆਨ ਰੱਖਣ ਲਈ ਸੀਨੀਅਰ ਸੁਪਰਵਾਈਜ਼ਰ ਡੇਵਿਡ ਚੰਦਰ ਤੇ ਉਨ੍ਹਾਂ ਦੇ ਸਹਾਇਕ ਵਿੱਲਮੀ ਤੁਈਪੁਲੋਟੂ ਵੀ ਹਾਜ਼ਰ ਰਹਿੰਦੇ ਹਨ। ਹਰ ਧਰਮ ਦੇ ਲੋਕਾਂ ਵੀ ਸ਼ਮੂਲੀਅਤ ਨਾਲ ਤਿਆਰ ਲੰਗਰ ਸਿੱਖੀ ਸਿਧਾਂਤਾਂ ਦੇ ਮੁਤਾਬਕ ਬਗ਼ੈਰ ਕਿਸੇ ਭੇਦਭਾਵ ਦੇ ਪ੍ਰੇਮ ਭਾਵ ਨਾਲ ਛਕਾਇਆ ਜਾਂਦਾ ਹੈ। ਇਸ ਵਰਤਾਰੇ ਨੂੰ ਦੇਖ ਸਥਾਨਕ ਲੋਕ ਅਕਸਰ ਅਚੰਭੇ ਵਿੱਚ ਆ ਜਾਂਦੇ ਹਨ।

# ਜ਼ਮੀਨ ਦੀ ਘਾਟ ਤੇ ਬੁਨਿਆਦੀ ਢਾਂਚੇ ਵਿੱਚ ਵਾਧੇ ਨੇ ਟੌਰੰਗਾ 'ਚ ਘਰ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਟੌਰੰਗਾ ਵਿੱਚ ਮਕਾਨਾਂ ਦੀਆਂ ਕੀਮਤਾਂ ਪਿਛਲੇ ਪੰਜ ਸਾਲਾਂ ਤੋਂ ਵੱਧ ਗਈਆਂ ਹਨ, ਜਿਸ ਨਾਲ ਇਹ ਘਰ ਬਣਾਉਣ 'ਚ ਸਭ ਤੋਂ ਮਹਿੰਗੀ ਥਾਵਾਂ 'ਚ ਸ਼ਾਮਿਲ ਹੋ ਗਿਆ ਹੈ। ਜੌਨ ਪੈਨ, ਇਕ ਬਿਲਡਰ, ਟੌਰੰਗਾ ਵਿਚ ਇਕ ਘਰ ਬਣਾ ਰਿਹਾ ਹੈ ਪਰ ਉਹ ਇਹ ਘਰ ਆਪਣੇ ਲਈ ਨਹੀਂ ਬੱਚਿਆਂ ਲਈ ਬਣਾ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਉਸ ਦੇ ਬੱਚੇ ਇਸ ਦੇ ਘਰ ਦੇ ਮਾਲਕ ਬਣੇ ਰਹਿਣਗੇ, ਪਰ ਉਹ ਕਦੇ ਘਰ ਖੁਦ ਘਰ ਨਹੀਂ ਬਣਾ ਪਾਉਣਗੇ ਕਿਉਂਕਿ ਕੀਮਤਾਂ ਵਿੱਚ ਬਹੁਤ ਵਾਧਾ ਹੋ ਰਿਹਾ ਹੈ। ਇੱਕ ਕੋਰ ਲਾਜਿਕ ਪ੍ਰਾਪਰਟੀ ਵਿਸ਼ਲੇਸ਼ਕ ਕੈਲਵਿਨ ਡੈਵਿਡਸਨ ਦਾ ਕਹਿਣਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਟੌਰਾਂਗਾ 'ਚ ਘਰਾਂ ਦੇ ਮੁੱਲ $ 280,000 ਤੋਂ $ 720,000 ਤੱਕ ਵਧੇ ਹਨ।Demographia ਹਾਊਸਿੰਗ ਸਰਵੇਖਣ 'ਚ ਚੋਟੀ ਦੇ 10 ਮਹਿੰਗੇ ਸ਼ਹਿਰਾਂ 'ਚੋਂ ਟੌਰੰਗਾ 8ਵੇਂ ਨੰਬਰ 'ਤੇ ਹੈ, ਜਦ ਸੂਚੀ ਵਿੱਚ ਹੋਰ ਸਭ ਪ੍ਰਮੁੱਖ ਅੰਤਰਰਾਸ਼ਟਰੀ ਸ਼ਹਿਰਾਂ ਹਨ। ਇੱਥੇ ਜਮੀਨ ਦੀ ਘਾਟ ਅਤੇ ਬੁਨਿਆਦੀ ਢਾਂਚਾ ਕੀਮਤਾਂ ਨੂੰ ਡ੍ਰਾਈਵ ਕਰਨ ਦੇ ਕਾਰਨਾਂ ਵਿੱਚੋਂ ਇੱਕ ਹੈ. ਇਸ ਦੇ ਇਲਾਵਾ, ਘਰੇਲੂ ਆਮਦਨ ਘੱਟ ਹੈ।ਲੋਕ ਛੋਟੇ ਕੇਂਦਰਾਂ ਵਿੱਚ ਜਾ ਰਹੇ ਹਨ ਜਿੱਥੇ ਉਹਨਾਂ ਨੂੰ ਕਿਫਾਇਤੀ ਆਵਾਸ ਕੁਝ ਸਸਤੇ ਮਿਲ ਸਕਦੇ ਹਨ। ਸਥਾਨਕ ਕੌਂਸਲਰ ਮੈਕਸ ਮੈਸਨ ਦਾ ਕਹਿਣਾ ਹੈ ਕਿ ਸਰਵੇਖਣ ਇਸ ਸਰਵੇਖਣ 'ਚ ਜੋ ਮੁੱਦਾ ਸਾਹਮਣੇ ਆਇਆ ਹੈ ਕੌਂਸਲ ਇਸ ਮੁੱਦੇ ਨੂੰ ਸੁਲਝਾਉਣ ਲਈ ਹਾਊਸਿੰਗ ਮੰਤਰੀ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਰਾਸ਼ਟਰੀ ਨੇਤਾ ਅਤੇ ਟੌਰੰਗਾ ਸਾਂਸਦ ਸਾਇਮਨ ਬ੍ਰਿਜ ਨੇ ਕਿਹਾ ਦੇਸ਼ ਦੇ ਹਾਊਸਿੰਗ ਬਾਜ਼ਾਰ ਦਾ ਵਿਕਾਸ ਸਰੋਤ ਪ੍ਰਬੰਧਨ ਐਕਟ (ਆਰ.ਐਮ.ਏ.) ਦੁਆਰਾ ਰੋਕਿਆ ਗਿਆ ਹੈ। "ਇਹ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਹੈ॥

